BBC LEARNING ENGLISH
# Essential English Conversation
## ਨਿੱਜੀ ਜਾਣਕਾਰੀ ਪੁੱਛਣਾ:
## ਤੁਹਾਡਾ ਜਨਮ ਦਿਨ ਕਦੋਂ ਹੈ ?

**ਰਾਜਵੀਰ**
ਹੈਲੋ, Essential English Conversation (ਅਸੈਂਸ਼ੀਅਲ ਇੰਗਲਿਸ਼ ਕਨਵਰਸੇਸ਼ਨ) ਵਿੱਚ ਤੁਹਾਡਾ ਸਵਾਗਤ ਹੈ। ਜਿਥੇ ਅਸੀਂ ਗੱਲ ਕਰਾਂਗੇ ਭਾਸ਼ਾ ਦੇ ਉਹਨਾਂ ਅਹਿਮ ਨੁਕਤਿਆਂ ਦੀ ਜਿਹਨਾਂ ਬਿਨਾਂ ਅੰਗਰੇਜ਼ੀ ਭਾਸ਼ਾ ਦੇ ਸਿਖਿਆਰਥੀਆਂ ਦਾ ਗੁਜ਼ਾਰਾ ਨਹੀਂ। ਮੈਂ ਰਾਜਵੀਰ ਅਤੇ ਇਸ ਐਪੀਸੋਡ ਵਿੱਚ ਤੁਸੀਂ ਸਿੱਖੋਗੇ, ਕਿਸੇ ਨੂੰ ਇੰਗਲਿਸ਼ ਵਿੱਚ ਕਿਵੇਂ ਪੁੱਛਣਾ ਹੈ, ਤੁਹਾਡਾ ਜਨਮ ਦਿਨ ਕਦੋਂ ਹੈ।
ਆਪਸ ਵਿੱਚ ਗੱਲਾਂ ਕਰ ਰਹੇ ਦੋ ਲੋਕਾਂ ਨੂੰ ਸੁਣੋ ਜੋ ਇੱਕ ਦੂਜੇ ਨੂੰ ਉਹਨਾਂ ਦਾ ਜਨਮ ਦਿਨ ਪੁੱਛ ਰਹੇ ਹਨ।

**Amy**
When's your birthday?

**Phil**
My birthday's on June the 10th.

**Amy**
Mine's on October the 3rd.

**ਰਾਜਵੀਰ**
ਜੇ ਕੁਝ ਔਖਾ ਲੱਗਿਆ ਤਾਂ ਵੀ ਫ਼ਿਕਰ ਨਾ ਕਰੋ। ਤੁਸੀਂ ਅਭਿਆਸ ਕਰ ਸਕੋਂ, ਇਸ ਲਈ ਅਸੀਂ ਗੱਲਬਾਤ ਨੂੰ ਛੋਟੇ ਹਿੱਸਿਆਂ ਵਿੱਚ ਵੰਡ ਦਿਆਂਗੇ।
ਪਹਿਲਾਂ ਐਮੀ ਨੇ ਫ਼ਿਲ ਨੂੰ ਪੁੱਛਿਆ, 'ਤੁਹਾਡਾ ਜਨਮ ਦਿਨ ਕਦੋਂ ਹੈ?' 'When is your birthday?' ਸੁਣੋ ਤੇ ਵਾਕ ਨੂੰ ਦਹੁਰਾਓ।

When's your birthday?

**ਰਾਜਵੀਰ**
ਤਾਂ ਫ਼ਿਲ ਨੇ ਕਿਹਾ 'ਮੇਰਾ ਜਨਮ ਦਿਨ ਜੂਨ 10 ਨੂੰ ਹੈ।' 'My birthday's on June the 10th.' ਅਸੀਂ ਜਦੋਂ ਕੋਈ ਤਰੀਕ ਦੱਸਣ ਲਈ ਮਹੀਨਾ ਅਤੇ ਮਿਤੀ ਦਾ ਇਕੱਠੇ ਇਸਤੇਮਾਲ ਕਰਨਾ ਹੋਵੇ ਤਾਂ 'on'. ਸ਼ਬਦ ਵਰਤਦੇ ਹਾਂ। ਉਦਹਾਰਨ ਵੱਜੋਂ 'on May the 10th' and 'on April the 22nd'. ਸੁਣੋ ਤੇ ਵਾਕ ਨੂੰ ਦਹੁਰਾਓ।

My birthday's on June the 10th.


© British Broadcasting Corporation 2017

**ਰਾਜਵੀਰ**

ਅੰਗਰੇਜ਼ੀ ਵਿੱਚ ਆਪਣਾ ਜਨਮ ਦਿਨ ਦੱਸਣ ਲੱਗਿਆਂ ਅਸੀਂ ਪਹਿਲਾਂ ਮਹੀਨੇ ਦਾ ਨਾਮ ਦੱਸਦੇ ਹਾਂ ਜਿਵੇਂ

ਜਨਵਰੀ January

ਫ਼ਰਵਰੀ February

ਮਾਰਚ March

ਅਪ੍ਰੈਲ April

ਮਈ May

ਜੂਨ June

ਜੁਲਾਈ July

ਅਗਸਤ August

ਸਤੰਬਰ September

ਅਕਤੂਬਰ October

ਨਵੰਬਰ November

ਦਸੰਬਰ December

**ਰਾਜਵੀਰ**

ਇਸਤੋਂ ਬਾਅਦ ਅਸੀਂ ਜਨਮ ਦੀ ਤਰੀਕ ਦੱਸਾਂਗੇ। ਇੱਕ, ਦੋ ਤੇ ਤਿੰਨ ਸਧਾਰਨ ਨੰਬਰ ਹੀ।

First, second, third.

**ਰਾਜਵੀਰ**

ਚਾਰ ਤੋਂ ਵੀਹ ਤੱਕ ਅਖ਼ੀਰ ਵਿੱਚ th ਲਗਾਉਣਾ ਹੈ। ਉਦਾਹਰਨ ਜਿਵੇਂ-

ਚੌਥਾ fourth

ਦੱਸਵਾਂ tenth

ਅਠਾਰਵਾਂ eighteenth

**ਰਾਜਵੀਰ**

ਵੀਹ ਤੋਂ ਬਿਨਾਂ ਬਾਕੀ ਨੰਬਰਾਂ ਲਈ ਸਾਨੂੰ ਵੀਹ ਦੇ ਨਾਲ ਨੰਬਰ ਵੀ ਬੋਲਣਾ ਪਵੇਗਾ।

ਚੌਵੀ – twenty-fourth

ਸਤਾਈ – twenty-seventh

ਉਨੱਤੀ – twenty-ninth


© British Broadcasting Corporation 2017

**ਰਾਜਵੀਰ**

ਤਾਂ ਐਮੀ ਨੇ ਫ਼ਿਲ ਨੂੰ ਦੱਸਿਆ 'ਮੇਰਾ ਅਕਤੂਬਰ 3 ਨੂੰ ਹੈ'। 'Mine's on October the 3rd' ਸੁਣੋ ਤੇ ਵਾਕ ਨੂੰ ਦਹੁਰਾਓ।

Mine's on October the 3rd.

**ਰਾਜਵੀਰ**

ਸ਼ਾਬਾਸ਼ ਹੁਣ ਜੋ ਸਿੱਖਿਆ ਉਸਨੂੰ ਚੈੱਕ ਕਰੀਏ। ਅਲੱਗ ਅਲੱਗ ਲੋਕਾਂ ਨੂੰ ਸੁਣੋ ਜੋ ਇੱਕ ਦੂਸਰੇ ਤੋਂ ਉਹਨਾਂ ਦੇ ਜਨਮ ਦਿਨ ਬਾਰੇ ਪੁੱਛ ਰਹੇ ਹਨ।

When's your birthday?

My birthday's on May the 23rd.

Mine's on January the 10th.

When's your birthday?

My birthday's on February the 13th.

Mine's on August the 8th.

**ਰਾਜਵੀਰ**

ਠੀਕ ਹੈ, ਚਲੋ ਫ਼ੇਰ ਕੋਸ਼ਿਸ਼ ਕਰਦੇ ਹਾਂ। ਅੰਗਰੇਜ਼ੀ ਦੇ ਵਾਕਾਂ ਨੂੰ ਸੁਣੋ ਅਤੇ ਦਹੁਰਾਓ।

When's your birthday?

My birthday's on June the 10th.

Mine's on October the 3rd.

**ਰਾਜਵੀਰ**

ਬਹੁਤ ਅੱਛਾ। ਚਲੋ ਦੇਖਦੇ ਹਾਂ ਤੁਸੀਂ ਅੰਗਰੇਜ਼ੀ ਨੂੰ ਕਿੰਨੀ ਚੰਗੀ ਤਰ੍ਹਾਂ ਯਾਦ ਰੱਖਿਆ। ਆਪਣੀ ਬੋਲੀ ਵਿੱਚ ਵਾਕਾਂ ਨੂੰ ਸੁਣੋ ਅਤੇ ਅੰਗਰੇਜ਼ੀ ਵਿੱਚ ਉਹਨਾਂ ਨੂੰ ਬੋਲੋ।

ਤੁਹਾਡਾ ਜਨਮ ਦਿਨ ਕਦੋਂ ਹੈ?
When's your birthday?


© British Broadcasting Corporation 2017

ਮੇਰਾ ਜਨਮ ਦਿਨ ਜੂਨ 10 ਨੂੰ ਹੈ।
My birthday's on June the 10th.

ਮੇਰਾ ਅਕਤੂਬਰ ਤਿੰਨ ਹੈ।
Mine's on October the 3rd.

**ਰਾਜਵੀਰ**
ਬਹੁਤ ਵਧੀਆ। ਹੁਣ ਤੁਸੀਂ ਜਾਣਦੇ ਹੋ ਲੋਕਾਂ ਨੂੰ ਅੰਗਰੇਜ਼ੀ ਵਿੱਚ ਕਿਵੇਂ ਪੁੱਛਣਾ ਹੈ ਕਿ ਉਹਨਾਂ ਦਾ ਜਨਮ ਦਿਨ ਕਦੋਂ ਹੈ। ਐਮੀ ਨੂੰ ਆਪਣਾ ਜਨਮ ਦਿਨ ਦੱਸਕੇ ਅਭਿਆਸ ਕਰੋ ਤੇ ਹਾਂ ਐਮੀ ਨੂੰ 'When's your birthday?' ਕਹਿਕੇ ਉਸਦਾ ਜਨਮ ਦਿਨ ਵੀ ਪੁੱਛੋ।

When's your birthday?

Mine's on October the 3rd.

**ਰਾਜਵੀਰ**

Great, ਹੁਣ ਸਾਰੀ ਗੱਲਬਾਤ ਦੁਬਾਰਾ ਸੁਣੋ ਤੇ ਆਪਣੇ ਜੁਆਬਾਂ ਨੂੰ ਚੈੱਕ ਕਰੋ ।

**Amy**
When's your birthday?

**Phil**
My birthday's on June the 10th.

**Amy**
Mine's on October the 3rd.

**ਰਾਜਵੀਰ**
ਬਹੁਤ ਅੱਛਾ! ਹੁਣ ਤੁਸੀਂ ਅੰਗਰੇਜ਼ੀ ਵਿੱਚ ਲੋਕਾਂ ਨੂੰ ਪੁੱਛ ਸਕਦੇ ਹੋ ਕਿ ਉਹਨਾਂ ਦਾ ਜਨਮ ਦਿਨ ਕਦੋਂ ਹੈ। ਜੋ ਵੀ ਸਿੱਖਿਆ ਉਸਨੂੰ ਦਹੁਰਾਉਣਾ ਜ਼ਰੂਰ ਯਾਦ ਰੱਖਣਾ। ਇੱਕ ਦੋਸਤ ਲੱਭੋ ਤੇ ਉਸਨੂੰ ਅੰਗਰੇਜ਼ੀ ਵਿੱਚ ਪੁੱਛਕੇ ਕਿ ਉਸਦਾ ਜਨਮ ਦਿਨ ਕਦੋਂ ਹੈ ਅਭਿਆਸ ਕਰੋ। ਤੇ ਹਾਂ ਜਨਮ ਦਿਨ ਦੱਸਣ ਲਈ ਸਹੀ ਮਹੀਨਾ ਅਤੇ ਨੰਬਰ ਜ਼ਰੂਰ ਦੱਸੋ।
ਚਲੋ ਅੱਜ ਦਾ ਐਪੀਸੋਡ ਇਥੇ ਹੀ ਖ਼ਤਮ ਕਰਦੇ ਹਾਂ।
ਰੋਜ਼ਾਨਾ ਬੋਲਚਾਲ ਦੀ ਅੰਗਰੇਜ਼ੀ ਭਾਸ਼ਾ ਸਿੱਖਣ ਲਈ ਸਾਡੇ ਨਾਲ ਫ਼ੇਰ ਜੁੜੋ। ਬਾਏ।


© British Broadcasting Corporation 2017